X-3/2110 7563/NL

# ਪੰਜਾਬੀ ਲਾਜ਼ਮੀ( ਮੁਢਲਾ ਗਿਆਨ) - 505 ਏ

## ਸਮੈਸਟਰ- ਪੰਜਵਾਂ

Time :- 3 Hours M.Marks :-60

**ਦਿੱਤੀਆਂ ਹਿਦਾਇਤਾਂ ਮੁਤਾਬਕ ਜਵਾਬ ਦਿਉ:**

**ਭਾਗ ੳ**

**ਇਸ ਭਾਗ ਵਿਚੋਂ ਦੋ ਪ੍ਰਸ਼ਨ ਕਰਨੇ ਹਨ:**

1. 'ਜੁੜਦਾ ਫੈਲਦਾ ਪੰਜਾਬ' ਲੇਖ ਵਿਚ ਪੇਸ਼ ਵਿਚਾਰਾਂ ਨੂੰ ਸੂਤਰ-ਬੱਧ ਕਰਕੇ ਪੇਸ਼ ਕਰੋ।
2. ਸੁਰਿੰਦਰ ਸਿੰਘ ਵਣਜਾਰਾ ਬੇਦੀ ਦੇ ਲੇਖ 'ਦੇਸ਼ ਦੇ ਲੋਕ' ਦਾ ਸਾਰ ਪੇਸ਼ ਕਰੋ।
3. 'ਪੰਜਾਬ ਦੀਆਂ ਪ੍ਰੀਤ ਗਾਥਾਵਾਂ' ਲੇਖ ਵਿਚ ਲੇਖਕ ਨੇ ਕਿਹੜੀ ਪ੍ਰੀਤ ਕਥਾਵਾਂ ਦਾ ਜ਼ਿਕਰ ਕੀਤਾ ਹੈ? ਮਿਸਾਲਾਂ ਦੇ ਕੇ ਵਿਚਾਰੋ।
4. 'ਪਿੰਡ ਦੀਆਂ ਰੌਣਕਾਂ' ਲੇਖ ਦੇ ਆਧਾਰ 'ਤੇ ਮਹਿੰਦਰ ਸਿੰਘ ਰੰਧਾਵਾ ਦੀ ਨਿਬੰਧ ਕਲਾ ਦੀਆਂ ਵਿਸ਼ੇਸ਼ਤਾਵਾਂ ਨੂੰ ਮਿਸਾਲਾਂ ਦੇ ਕੇ ਪੇਸ਼ ਕਰੋ।
5. 'ਪੰਜਾਬ ਦੀ ਧਰਤੀ ਦੇ ਗੁਰੂ ਅਤੇ ਹੀਰੇ ਮੋਤੀ ' ਵਿਚ ਲੇਖਕ ਨੇ ਜੋ ਵਿਚਾਰ ਪੇਸ਼ ਕੀਤੀ ਹੈ ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

2x08=16

**ਭਾਗ ਅ**

6. ਹੇਠ ਲਿਖੇ ਲੇਖਾਂ ਵਿਚੋਂ ਕੋਈ ਇਕ ਲੇਖ ਲਿਖੋ:

ਪੰਜਾਬੀ ਸਭਿਆਚਾਰ ਦੀ ਵਿਰਾਸਤ ਅਤੇ ਭਵਿੱਖ, ਸਾਡੀਆਂ ਸਮਾਜਕ ਜੁੰਮੇਵਾਰੀਆਂ, ਵਰਤਮਾਨ ਵਾਤਾਵਰਣ : ਸੁਧਾਰ ਦੇ ਸੁਝਾਅ

1x9=09

7. ਹੇਠ ਲਿਖੇ ਮੁਹਾਵਰਿਆਂ ਵਿਚੋਂ ਕੋਈ 10 ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿਚ ਵਰਤੋ:

ਯਾਰ ਮਾਰ ਕਰਨਾ, ਪੱਕੇ ਪੈਰੀਂ ਹੋਣਾ, ਦੁੱਖੜਾ ਰੋਣਾ, ਪਾਪੜ ਵੇਲਣੇ, ਲਹੂ-ਪਸੀਨਾ ਇਕ ਕਰਨਾ, ਸਿਰ ਖਾਣਾ, ਹੱਥੀਂ ਛਾਂਵਾਂ ਕਰਨਾ, ਹੱਥ ਅੱਡਣੇ, ਹੁੱਕਾ ਪਾਣੀ ਛੇਕਣਾ, ਇਕ ਅੱਖ ਨਾਲ ਵੇਖਣਾ, ਸਮੁੰਦਰ ਰਿੜਕਣਾ, ਕੰਨ ਖੋਲ੍ਹ ਕੇ ਸੁਣਨਾ, ਉੱਘ ਸੁੱਘ ਮਿਲਣਾ, ਉੱਲੂ ਬੋਲਣੇ, ਅੱਖਾਂ ਫੇਰ ਲੈਣਾ।

10x1.5=15

**ਭਾਗ ੲ**

8. **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਜਵਾਬ ਦਿਉ:**

i. 'ਪੰਜਾਬ ਦੀਆਂ ਪ੍ਰੀਤ ਗਾਥਾਵਾਂ' ਲੇਖ ਵਿਚ ਲੇਖਕ ਨੇ ਸੱਸੀ ਦੀ ਮੌਤ ਕਿਵੇਂ ਹੋਈ ਦੱਸੀ ਹੈ?
ii. 'ਪੰਜਾਬ ਦੀਆਂ ਪ੍ਰੀਤ ਗਾਥਾਵਾਂ' ਲੇਖ ਵਿਚ ਲੇਖਕ ਨੇ ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਦੱਸਿਆ ਹੈ?
iii. 'ਪਿੰਡ ਦੀਆਂ ਰੌਣਕਾਂ' ਲੇਖ ਵਿਚ ਲੇਖਕ ਨੇ ਪਿੰਡ ਵਿਚ ਵਿਆਹ ਸ਼ਾਦੀ ਦੇ ਮੌਕੇ ਨੂੰ ਕਿਵੇਂ ਬਿਆਨ ਕੀਤਾ ਹੈ?
iv. 'ਪਿੰਡ ਦੀਆਂ ਰੌਣਕਾਂ' ਲੇਖ ਵਿਚ ਲੇਖਕ ਨੇ ਬਰਸਾਤ ਦੇ ਮੌਸਮ ਦੇ ਨਜ਼ਾਰੇ ਨੂੰ ਕਿਵੇਂ ਬਿਆਨ ਕੀਤਾ ਹੈ?
v. 'ਪੰਜਾਬ ਦੀ ਧਰਤੀ ਦੇ ਗੁਰੂ ਅਤੇ ਹੀਰੇ ਮੋਤੀ ' ਲੇਖ ਵਿਚ ਲੇਖਕ ਨੇ ਗੁਰੂ ਨਾਨਕ ਜੀ ਦਾ ਜਨਮ ਕਿੱਥੇ ਹੋਇਆ ਦੱਸਿਆ ਹੈ?
vi. 'ਪੰਜਾਬ ਦੀ ਧਰਤੀ ਦੇ ਗੁਰੂ ਅਤੇ ਹੀਰੇ ਮੋਤੀ ' ਲੇਖ ਵਿਚ ਲੇਖਕ ਨੇ ਦੁੱਲਾ ਭੱਟੀ ਨੂੰ ਕਿਸ ਸਮਰਾਟ ਦੇ ਸਮੇਂ ਦਾ ਲੋਕ ਨਾਇਕ ਕਿਹਾ ਹੈ?
vii. 'ਪੰਜਾਬ ਦੀ ਧਰਤੀ ਦੇ ਗੁਰੂ ਅਤੇ ਹੀਰੇ ਮੋਤੀ ' ਲੇਖ ਵਿਚ ਲੇਖਕ ਨੇ ਬੰਦਾ ਬਹਾਦਰ ਦੇ ਸਰਹੰਦ ਉਪਰ ਕੀਤੇ ਹਮਲੇ ਦਾ ਕੀ ਕਾਰਨ ਕਿਹਾ ਹੈ?
viii. 'ਜੁੜਦਾ ਫੈਲਦਾ ਪੰਜਾਬ' ਲੇਖ ਵਿਚ ਲੇਖਕ ਨੇ ਕਿੰਨੀਆਂ ਜਾਤਾਂ ਦੇ ਪੰਜਾਬ ਵਿਚ ਵੱਸਣ ਦਾ ਜ਼ਿਕਰ ਕੀਤਾ ਹੈ?
ix. 'ਜੁੜਦਾ ਫੈਲਦਾ ਪੰਜਾਬ' ਲੇਖ ਦੇ ਲੇਖਕ ਜਸਵੰਤ ਜਫ਼ਰ ਬਾਰੇ ਸੰਖੇਪ ਜਾਣਕਾਰੀ ਦਿਉ।
x. 'ਜੁੜਦਾ ਫੈਲਦਾ ਪੰਜਾਬ' ਲੇਖ ਵਿਚ ਲੇਖਕ ਨੇ ਪੰਜਾਬ ਵਿਚ ਬੋਲੀਆਂ ਜਾਂਦੀਆਂ ਕਿਹੜੀਆਂ ਉਪ-ਬੋਲੀਆਂ ਦਾ ਜ਼ਿਕਰ ਕੀਤਾ ਹੈ?
xi. ਸੁਰਿੰਦਰ ਸਿੰਘ ਵਣਜਾਰਾ ਬੇਦੀ ਦੇ ਲੇਖ 'ਦੇਸ਼ ਦੇ ਲੋਕ' ਵਿਚ ਮੁਗਲ ਘਰਾਣੇ ਦੇ ਕਿਹੜੇ ਕੱਟੜ ਬਾਦਸ਼ਾਹਾਂ ਦਾ ਵਰਣਨ ਹੈ?
xii. ਪੂਰਵ ਇਤਿਹਾਸਕ ਕਾਲ ਦੀ ਪੰਜਾਬ ਪਰੰਪਰਾ ਨੂੰ ਕਿਸ ਨਾਂ ਨਾਲ ਯਾਦ ਕੀਤਾ ਜਾਂਦਾ ਹੈ?
xiii. ਪੰਜਾਬ ਦੀਆਂ ਬਹੁਤੀਆਂ ਦੰਤ ਕਥਾਵਾਂ ਕਿਸ ਰਾਜੇ ਨਾਲ ਜੁੜੀਆਂ ਹੋਈਆਂ ਹਨ?
xiv. ਪੰਜਾਬ ਵਿਚ ਵਿਚ ਸਿੱਖਾਂ ਨੂੰ ਕਿਸ ਨੇ ਚੁਣ-ਚੁਣ ਕੇ ਮਾਰਿਆ?
xv. ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਹੈ?

15x2=30

---